# ਪੰਜਾਬ ਮੈਡੀਕਲ ਕੌਂਸਲ

## ਜਨਤਕ ਸੂਚਨਾ

ਪੰਜਾਬ ਮੈਡੀਕਲ ਰਜਿਸਟਰ ਨੂੰ ਸੋਧੇ ਜਾਣ ਦਾ ਪ੍ਰਸਤਾਵ ਹੈ। ਪੰਜਾਬ ਮੈਡੀਕਲ ਰਜਿਸਟਰੇਸ਼ਨ ਐਕਟ, 1916 ਅਧੀਨ ਰਜਿਸਟਰਡ ਸਾਰੇ ਪ੍ਰੈਕਟੀਸ਼ਨਰਜ਼ ਕ੍ਰਿਪਾ ਕਰਕੇ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 30 ਦਿਨਾਂ ਅੰਦਰ ਆਪਣੇ ਸਹੀ ਪਤੇ, ਰਜਿਸਟ੍ਰੇਸ਼ਨ ਨੰਬਰ 'ਤੇ ਯੋਗਤਾ ਬਾਰੇ ਨਿਮਨਹਸਤਾਖਰੀ ਨੂੰ ਸੂਚਿਤ ਕਰਨ। ਐਲ.ਐਮ.ਐਸ. ਯੋਗਤਾ ਪ੍ਰਾਪਤ ਕਰਨ ਵਾਲੇ ਇਹ ਵੀ ਸੂਚਿਤ ਕਰਨ ਕਿ ਉਨ੍ਹਾਂ ਕੋਲ ਆਈ.ਐਮ.ਸੀ. ਐਕਟ, 1956 ਦੇ ਪਹਿਲੇ ਸ਼ੈਡਿਊਲ ਵਿਚ ਸੂਚੀਕ੍ਰਿਤ ਕੋਈ ਹੋਰ ਯੋਗਤਾ ਵੀ ਹੈ ਜਾਂ ਨਹੀਂ ਅਤੇ ਇਸ ਬਾਰੇ ਸਬੂਤ ਵੀ ਭੇਜਣ। ਆਈ.ਐਮ.ਸੀ. ਐਕਟ, 1956 ਦੀ ਧਾਰਾ 26 ਅਧੀਨ ਪਹਿਲੀ ਰਜਿਸਟ੍ਰੇਸ਼ਨ ਮਗਰੋਂ ਪ੍ਰਾਪਤ ਕੀਤੀ ਵਧੀਕ ਯੋਗਤਾ ਦੀ ਐਂਟਰੀ ਵੀ ਕਰਵਾਈ ਜਾਵੇ। ਵਧੀਕ ਯੋਗਤਾ ਨੂੰ ਮੈਡੀਕਲ ਰਜਿਸਟਰ ਵਿਚ ਦਰਜ ਕਰਵਾਉਣਾ ਪਵੇਗਾ ਜਿਸ ਲਈ ਫਾਰਮ ਕੌਂਸਲ ਕੋਲੋਂ ਸੁਲੱਭ ਹਨ। ਮੈਂ ਤੁਹਾਡਾ ਧਿਆਨ ਪੰਜਾਬ ਮੈਡੀਕਲ ਰਜਿਸਟਰੇਸ਼ਨ ਐਕਟ, 1916 ਅਧੀਨ ਤਿਆਰ ਕੀਤੇ ਪੰਜਾਬ ਮੈਡੀਕਲ ਰੂਲ ਦੇ ਨਿਯਮ 7 ਦੇ ਵੱਲ ਵੀ ਦਿਵਾਉਣਾ ਚਾਹੁੰਦਾ ਹਾਂ।

''ਰਜਿਸਟਰਾਰ ਕੋਲ ਅਜਿਹੇ ਕਿਸੇ ਵੀ ਰਜਿਸਟਰਡ ਵਿਅਕਤੀ ਦਾ ਨਾਂ ਪ੍ਰਧਾਨ ਦੀ ਲਿਖਤੀ ਪ੍ਰਵਾਨਗੀ ਨਾਲ ਹੀ ਰਜਿਸਟਰ ਵਿਚੋਂ ਹਟਾ ਦੇਣ ਦੀ ਸ਼ਕਤੀ ਹੋਵੇਗੀ, ਜਿਸ ਨਾਲ ਉਹ ਸੰਪਰਕ ਸਥਾਪਤ ਕਰਨ ਵਿਚ ਸਮਰੱਥ ਨਹੀਂ ਹੋਣਗੇ।''

ਮੈਡੀਕਲ ਰਜਿਸਟਰ ਵਿਚ ਰਜਿਸਟਰਡ ਹਰੇਕ ਵਿਅਕਤੀ ਵਲੋਂ 30 ਦਿਨਾਂ ਅੰਦਰ, ਆਪਣੀ ਰਿਹਾਇਸ਼ੀ ਜਾਂ ਪ੍ਰੈਕਟਿਸ ਦੀ ਥਾਂ ਵਿਚ ਕੀਤੀ ਗਈ ਤਬਦੀਲੀ ਬਾਰੇ ਕੌਂਸਲ ਨੂੰ ਸੂਚਿਤ ਕਰਨਾ ਜ਼ਰੂਰੀ ਹੋਵੇਗਾ।

ਇਸ ਨਿਯਮ ਵਿਚ ਪ੍ਰਦਾਨ ਕੀਤੀ ਵਿਵਸਥਾ ਦੇ ਅਨੁਰੂਪ ਜੇਕਰ ਤੁਸੀਂ ਇਸ ਨੋਟਿਸ ਦਾ ਜਵਾਬ ਦੇਣ ਵਿਚ ਅਸਫਲ ਰਹਿੰਦੇ ਹੋ ਤਾਂ ਤੁਹਾਡੇ ਨਾਂ ਨੂੰ ਪੰਜਾਬ ਮੈਡੀਕਲ ਰਜਿਸਟਰ 'ਚੋਂ ਕੱਟ ਦਿੱਤਾ ਜਾਵੇਗਾ। ਇਸ ਲਈ ਇਹ ਮਹੱਤਵਪੂਰਨ ਹੈ ਕਿ ਇਸ ਨੋਟਿਸ ਦਾ ਛੇਤੀ ਹੀ ਜਵਾਬ ਦਿੱਤਾ ਜਾਵੇ ਅਤੇ ਹੇਠ ਦਰਸਾਏ ਪ੍ਰੋਫਾਰਮੇ ਦੇ ਅਨੁਰੂਪ ਹੀ ਮੁਕੰਮਲ ਵੇਰਵੇ ਦਰਜ ਕਰਵਾਏ ਜਾਣ।

1. ਨਾਂ।
2. ਯੋਗਤਾ ਅਤੇ ਇਸ ਦੀ ਮਿਤੀ।
3. ਪੂਰਾ ਪਤਾ।
4. ਕਰਮਚਾਰੀ ਹਨ 'ਤੇ ਨਿਯੁਕਤੀ ਦੀ ਥਾਂ / ਵਰਤਮਾਨ ਅਹੁਦਾ।
5. ਫੋਨ ਨੰਬਰ।
6. ਈ-ਮੇਲ।
7. ਰਜਿਸਟਰੇਸ਼ਨ ਦੀ ਮਿਤੀ।
8. ਰਜਿਸਟਰੇਸ਼ਨ ਨੰਬਰ (ਪੰਜਾਬ ਮੈਡੀਕਲ ਕੌਂਸਲ)।
9. ਵਧੀਕ ਯੋਗਤਾਵਾਂ ਜੇਕਰ ਹੋਣ (ਸਬੂਤ ਸਹਿਤ)।

ਸਹੀ/- (ਡਾ. ਕੇ.ਡੀ. ਸਿੰਘ)
ਰਜਿਸਟਰਾਰ,
ਪੰਜਾਬ ਮੈਡੀਕਲ ਕੌਂਸਲ,
ਐਸ.ਸੀ.ਓ. ਨੰ. 75, ਸੈਕਟਰ-40-ਸੀ,
ਚੰਡੀਗੜ੍ਹ।